# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
## ਐਸ.ਸੀ.ਓ. ਨੰ: 104-106, ਦੂਜੀ-ਤੀਜੀ ਮੰਜ਼ਿਲ, ਸੈਕਟਰ-34ਏ, ਚੰਡੀਗੜ੍ਹ।

ਸੇਵਾ ਵਿਖੇ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ), ਪੰਜਾਬ।
2. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ), ਪੰਜਾਬ।

ਮੀਮੋ ਨੰ: 4/27-SSA Plng/AWP & B 2010-11/55465-55504
ਮਿਤੀ, ਚੰਡੀਗੜ੍ਹ: 31.08.2010

**ਵਿਸ਼ਾ:** **ਸਰਵ ਸਿੱਖਿਆ ਅਭਿਆਨ ਅਧੀਨ ਸਾਲ 2010-11 ਦੌਰਾਨ ਕਲੱਸਟਰ ਰਿਸੋਰਸ ਸੈਂਟਰ (CRC) ਅਤੇ ਬਲਾਕ ਰਿਸੋਰਸ ਸੈਂਟਰ (BRC) ਲਈ ਗ੍ਰਾਂਟਾਂ ਦੀ ਵਰਤੋਂ ਸਬੰਧੀ ਹਦਾਇਤਾਂ।**

1.0 ਸਾਲ 2010-11 ਦੌਰਾਨ ਸਰਵ ਸਿੱਖਿਆ ਅਭਿਆਨ ਅਧੀਨ ਹਰੇਕ ਸੀ.ਆਰ.ਸੀ. ਅਤੇ ਬੀ.ਆਰ.ਸੀ. ਲਈ ਹੇਠ ਅਨੁਸਾਰ ਗ੍ਰਾਂਟਾਂ ਮਨਜ਼ੂਰ ਹੋਈਆਂ ਹਨ:

| | Contingency Grant | Meeting / TA | TLM Grant |
|---|---|---|---|
| **BRC** | Rs. 50000/- per annum | Rs. 30000/- per annum @ 2500 per month | Rs. 10000/- per annum |
| **CRC** | Rs. 10000/- per annum | Rs. 12000/- per annum @ 1000 per month | Rs. 3000/- per annum |

2.0 (ੳ) <u>**ਕੰਟੀਨਜੈਂਸੀ ਗ੍ਰਾਂਟ ਦੀ ਵਰਤੋਂ:**</u> ਜਿਵੇਂ ਕਿ ਗ੍ਰਾਂਟ ਹੈੱਡ ਤੋਂ ਸਪੱਸ਼ਟ ਹੈ ਕਿ ਕੰਟੀਨਜੈਂਸੀ ਗ੍ਰਾਂਟ ਦੀ ਵਰਤੋਂ ਸੀ.ਆਰ.ਸੀ. ਜਾਂ ਬੀ.ਆਰ.ਸੀ. ਦੇ ਦਫ਼ਤਰੀ ਖਰਚਿਆਂ ਭਾਵ ਆਫਿਸ equipments ਦੀ ਖਰੀਦ ਜਿਵੇਂ ਫੋਟੋਕਾਪੀਅਰ, ਕੰਪਿਊਟਰ ਜਾਂ ਪ੍ਰਿੰਟਰ, ਟੋਨਰ, ਕਾਰਟਰਿਜ ਆਦਿ ਦੀ ਖਰੀਦ/ ਰਿਪੇਅਰ ਐਂਡ ਮੇਨਟੇਨੈਂਸ, ਸਟੇਸ਼ਨਰੀ ਆਈਟਮਜ਼ ਦੀ ਖਰੀਦ, ਟੈਲੀਫੋਨ/ ਬਿਜਲੀ/ ਬਰੋਡਬੈਂਡ ਇੰਟਰਨੈੱਟ ਕੁਨੈਕਸ਼ਨ ਦੇ ਬਿਲਾਂ ਦਾ ਭੁਗਤਾਨ ਆਦਿ ਲਈ ਕਰਨਾ ਹੁੰਦਾ ਹੈ।

(ਅ) <u>**ਮੀਟਿੰਗ ਅਤੇ ਟੀ.ਏ. ਗ੍ਰਾਂਟ ਦੀ ਵਰਤੋਂ:**</u> ਮੀਟਿੰਗ ਅਤੇ ਟੀ.ਏ. ਗ੍ਰਾਂਟ ਦੀ ਵਰਤੋਂ ਸਰਵ ਸਿੱਖਿਆ ਅਭਿਆਨ ਹੇਠ ਕਲੱਸਟਰ ਜਾਂ ਬਲਾਕ ਪੱਧਰ ਤੇ ਕ੍ਰਮਵਾਰ ਅਧਿਆਪਕਾਂ ਜਾਂ ਕਲੱਸਟਰ ਰਿਸੋਰਸ ਪਰਸਨਜ਼ ਦੀਆਂ ਮੀਟਿੰਗਜ਼ ਕਰਵਾਉਣ (ਰਿਫਰੈਸ਼ਮੈਂਟ ਜਾਂ ਹੋਰ ਪ੍ਰਬੰਧ) ਲਈ ਕੀਤੀ ਜਾਣੀ ਹੁੰਦੀ ਹੈ।

ਕਲੱਸਟਰ ਅਤੇ ਬਲਾਕ ਪੱਧਰ ਤੇ ਕੰਮ ਕਰ ਰਹੇ ਰਿਸੋਰਸ ਪਰਸਨਜ਼/ ਅਫ਼ਸਰਾਂ ਵੱਲੋਂ ਕ੍ਰਮਵਾਰ ਬਲਾਕ ਅਤੇ ਜ਼ਿਲ੍ਹਾ ਪੱਧਰ ਤੇ ਵੱਖ-ਵੱਖ ਮੀਟਿੰਗਜ਼ ਅਟੈਂਡ ਕਰਨ ਲਈ ਨਿਯਮਾਂ ਅਨੁਸਾਰ ਟੀ.ਏ/ਡੀ.ਏ ਦਾ ਭੁਗਤਾਨ ਵੀ ਇਸੇ ਗ੍ਰਾਂਟ ਵਿਚੋਂ ਕਰਨਾ ਹੁੰਦਾ ਹੈ।

ਉਪਰੋਕਤ ਤੋਂ ਇਲਾਵਾ ਇਸ ਪੱਤਰ ਰਾਹੀਂ ਆਪ ਨੂੰ ਵਿਸ਼ੇਸ਼ ਤੌਰ ਤੇ ਲਿਖਿਆ ਜਾਂਦਾ ਹੈ ਕਿ ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਸਾਲ 2010-11 ਦੌਰਾਨ ਸਕੂਲੀ ਬੱਚਿਆਂ ਨੂੰ ਪੜ੍ਹਨ ਲਈ ਹੋਰ ਜ਼ਿਆਦਾ ਪ੍ਰੋਤਸਾਹਿਤ ਕਰਨ ਲਈ ਮਹੀਨੇ ਦੇ ਹਰ ਤੀਸਰੇ ਸ਼ਨੀਵਾਰ ਨੂੰ ਕਲੱਸਟਰ ਜਾਂ ਬਲਾਕ ਪੱਧਰ ਤੇ ਸਕੂਲਾਂ ਦੇ ਮੁਕਾਬਲੇ ਕਰਵਾਉਣ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਦੇਣ ਦਾ ਫੈਸਲਾ ਕੀਤਾ ਹੈ। ਇਹਨਾਂ ਮੁਕਾਬਲਿਆਂ ਨੂੰ ਕਰਵਾਉਣ ਅਤੇ ਜੇਤੂ ਵਿਦਿਆਰਥੀਆਂ ਨੂੰ ਇਨਾਮ (ਜਮੈਟਰੀ ਬਾੱਕਸ, ਕਿਤਾਬਾਂ, ਪੈਨਸਲਾਂ, ਕਾਪੀਆਂ ਆਦਿ)

ਦੇਣ ਦਾ ਖਰਚਾ ਵੀ ਕਲੱਸਟਰ ਰਿਸੋਰਸ ਸੈਂਟਰ (CRC) ਦੀ ਮੀਟਿੰਗ ਅਤੇ ਟੀ.ਏ. ਗ੍ਰਾਂਟ ਵਿਚੋਂ ਹੀ ਕੀਤਾ ਜਾਵੇਗਾ।

(ੲ) **ਟੀ.ਐਲ.ਐਮ ਗ੍ਰਾਂਟ ਦੀ ਵਰਤੋਂ:** ਕਲੱਸਟਰ ਅਤੇ ਬਲਾਕ ਰਿਸੋਰਸ ਸੈਂਟਰ ਵਿਖੇ ਅਧਿਆਪਕਾਂ ਦੀ ਸਿਖਲਾਈ ਪ੍ਰੋਗਰਾਮ (ਟੀਚਰ ਟ੍ਰੇਨਿੰਗ ਪ੍ਰੋਗਰਾਮ) ਲਈ ਲੋੜੀਂਦਾ ਟੀਚਿੰਗ ਲਰਨਿੰਗ ਮੈਟੀਰੀਅਲ ਤਿਆਰ ਕਰਨ/ ਕਰਵਾਉਣ ਲਈ ਕਰਨਾ ਹੁੰਦਾ ਹੈ।

3.0 **ਇਨ੍ਹਾਂ ਸਾਰੀਆਂ ਗ੍ਰਾਂਟਾਂ ਦੀ ਬੱਚਤ ਨੂੰ ਇਕੱਤਰਿਤ ਕਰਕੇ** ਸੀ.ਆਰ.ਸੀ. ਜਾਂ ਬੀ.ਆਰ.ਸੀ ਦੀ ਕਿਸੇ ਵੀ ਜਾਇਜ਼ ਲੋੜ ਦੀ ਪੂਰਤੀ ਲਈ ਵਰਤਿਆ ਜਾ ਸਕਦਾ ਹੈ ਬਸ਼ਰਤੇ ਇਸ ਦੀ ਪ੍ਰਵਾਨਗੀ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਵੱਲੋਂ ਲਈ ਹੋਵੇ।

4.0 ਉਕਤ ਦੀ ਰੋਸ਼ਨੀ ਵਿਚ ਇਸ ਦਫ਼ਤਰ ਵੱਲੋਂ ਜਾਰੀ ਕੀਤਾ ਗਿਆ ਪੱਤਰ ਐਸ.ਐਸ.ਏ/ ਫਾਇਨਾਂਸ/209 /66208 ਮਿਤੀ 08.09.09 withdraw ਕੀਤਾ ਜਾਂਦਾ ਹੈ।

5.0 ਆਪ ਦੀ ਜਾਣਕਾਰੀ ਹਿੱਤ ਦੱਸਣਾ ਉਚਿਤ ਹੋਵੇਗਾ ਕਿ ਮਿਤੀ 08.09.09 ਦੇ ਕਥਿਤ ਪੱਤਰ ਰਾਹੀਂ ਕਲੱਸਟਰ ਰਿਸੋਰਸ ਸੈਂਟਰ ਵਿਚ ਮੁਹੱਈਆ ਕੀਤੇ ਗਏ ਬਰੋਡਬੈਂਡ ਇੰਟਰਨੈੱਟ ਕੁਨੈਕਸ਼ਨ ਦਾ ਖਰਚਾ ਸੀ.ਆਰ.ਸੀ. ਦੀ ਕੰਟੀਨਜੈਂਸੀ ਗ੍ਰਾਂਟ ਵਿਚੋਂ ਕਰਨ ਲਈ ਲਿਖਿਆ ਗਿਆ ਸੀ ਅਤੇ ਨਾਲ ਹੀ ਇਹ ਵੀ ਲਿਖਿਆ ਗਿਆ ਸੀ ਕਿ ਸੀ.ਆਰ.ਸੀ. ਕੰਟੀਨਜੈਂਸੀ ਗ੍ਰਾਂਟ ਵਿਚ ਫੰਡਾਂ ਦੀ ਘਾਟ ਹੋਣ ਦੀ ਸੂਰਤ ਵਿਚ ਮੈਨੇਜਮੈਂਟ ਕਾੱਸਟ ਦੀ ਵਰਤੋਂ ਕਰ ਲਈ ਜਾਵੇ ਪਰੰਤੂ ਹੱਥਲੇ ਪੱਤਰ ਦੇ ਜਾਰੀ ਹੋਣ ਤੋਂ ਬਾਅਦ ਕਲੱਸਟਰ ਪੱਧਰ ਦੇ ਬਰੋਡਬੈਂਡ ਇੰਟਰਨੈੱਟ ਕੁਨੈਕਸ਼ਨ ਦਾ ਸਾਰਾ ਖਰਚਾ ਸੀ.ਆਰ.ਸੀ. ਦੀ ਕੰਟੀਨਜੈਂਸੀ ਗ੍ਰਾਂਟ ਵਿਚੋਂ ਕੀਤਾ ਜਾਵੇਗਾ।

6.0 ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।

ਸਹੀ/-

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

ਪਿਠਅੰਕਣ ਨੰ: 4/27-SSA Plng/AWP & B 2010-11/55505-55507 ਮਿਤੀ:31.08.2010

ਉਤਾਰਾ :

1. ਸਮੂਹ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ, ਵੈਬਸਾਈਟ ਰਾਹੀਂ।
2. ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ, ਵੈਬਸਾਈਟ ਰਾਹੀਂ।
3. ਸਮੂਹ ਸੈਂਟਰ ਹੈੱਡ ਟੀਚਰ, ਵੈਬਸਾਈਟ ਰਾਹੀਂ।

ਸਹੀ/-

**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**